ਇਹ ਤੱਥ ਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ *ਇਮਪਲੌਇਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

ਸਤੰਬਰ 2017

# ਘੱਟੋ ਘੱਟ ਤਨਖਾਹ

ਬ੍ਰਿਟਿਸ਼ ਕੋਲੰਬੀਆ ਵਿਚ ਸਾਰੇ ਮੁਲਾਜ਼ਮ, ਇਸ ਤੱਥ ਸ਼ੀਟ ਵਿਚ ਦੱਸੇ ਗਏ ਰੇਟਾਂ 'ਤੇ ਘੱਟੋ ਘੱਟ ਤਨਖਾਹ ਦੇ ਹੱਕਦਾਰ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਤਨਖਾਹ ਦੇ ਘੱਟੋ ਘੱਟ ਰੇਟ ਅੱਗੇ ਲਿਖੇ ਮੁਤਾਬਕ 15 ਸਤੰਬਰ, 2015 ਤੋਂ ਵਧ ਰਹੇ ਹਨ:

## ਆਮ ਘੱਟੋ ਘੱਟ ਤਨਖਾਹ

- 15 ਸਤੰਬਰ, 2016 – 10.85 ਡਾਲਰ ਪ੍ਰਤੀ ਘੰਟਾ;
- 15 ਸਤੰਬਰ, 2017 – 11.35 ਡਾਲਰ ਪ੍ਰਤੀ ਘੰਟਾ।

## ਸ਼ਰਾਬ ਵਰਤਾਉਣ ਵਾਲੇ

- 15 ਸਤੰਬਰ, 2016 – 9.60 ਡਾਲਰ ਪ੍ਰਤੀ ਘੰਟਾ;
- 15 ਸਤੰਬਰ, 2017 – 10.10 ਡਾਲਰ ਪ੍ਰਤੀ ਘੰਟਾ।

## ਘਰ ਵਿਚ ਰਹਿ ਕੇ ਮਦਦ ਕਰਨ ਵਾਲੇ ਵਰਕਰ

- 15 ਸਤੰਬਰ, 2016 – 108.50 ਡਾਲਰ ਹਰ ਦਿਨ ਦੇ ਜਾਂ ਦਿਨ ਦਾ ਕੁਝ ਹਿੱਸਾ ਕੰਮ ਕੀਤੇ ਦੇ;
- 15 ਸਤੰਬਰ, 2017 - 113.50 ਡਾਲਰ ਹਰ ਦਿਨ ਦੇ ਜਾਂ ਦਿਨ ਦਾ ਕੁਝ ਹਿੱਸਾ ਕੰਮ ਕੀਤੇ ਦੇ।

## ਕੈਂਪ ਵਿਚ ਰਹਿਣ ਵਾਲੇ ਲੀਡਰ

- 15 ਸਤੰਬਰ, 2016 – 86.80 ਡਾਲਰ ਹਰ ਦਿਨ ਦੇ ਜਾਂ ਦਿਨ ਦਾ ਕੁਝ ਹਿੱਸਾ ਕੰਮ ਕੀਤੇ ਦੇ;
- 15 ਸਤੰਬਰ, 2017 – 90.80 ਡਾਲਰ ਹਰ ਦਿਨ ਦੇ ਜਾਂ ਦਿਨ ਦਾ ਕੁਝ ਹਿੱਸਾ ਕੰਮ ਕੀਤੇ ਦੇ।

## ਰੈਜ਼ੀਡੈਂਟ ਕੇਅਰਟੇਕਰ

- 15 ਸਤੰਬਰ, 2016 – 9 ਤੋਂ 60 ਸੂਈਟਾਂ ਵਾਲੀ ਅਪਾਰਟਮੈਂਟ ਬਿਲਡਿੰਗ ਲਈ, 651 ਡਾਲਰ ਹਰ ਮਹੀਨੇ ਜਮ੍ਹਾਂ 26.09 ਡਾਲਰ ਹਰ ਸੂਈਟ ਲਈ; ਅਤੇ 60 ਸੂਈਟਾਂ ਤੋਂ ਜ਼ਿਆਦਾ ਵਾਲੀ ਅਪਾਰਟਮੈਂਟ ਬਿਲਡਿੰਗ ਲਈ 2217.46 ਡਾਲਰ ਹਰ ਮਹੀਨੇ;
- 15 ਸਤੰਬਰ, 2017 – 9 ਤੋਂ 60 ਸੂਈਟਾਂ ਵਾਲੀ ਅਪਾਰਟਮੈਂਟ ਬਿਲਡਿੰਗ ਲਈ, 681 ਡਾਲਰ ਹਰ ਮਹੀਨੇ ਜਮ੍ਹਾਂ 27.29 ਡਾਲਰ ਹਰ ਸੂਈਟ ਲਈ; ਅਤੇ 60 ਸੂਈਟਾਂ ਤੋਂ ਜ਼ਿਆਦਾ ਵਾਲੀ ਅਪਾਰਟਮੈਂਟ ਬਿਲਡਿੰਗ ਲਈ 2319.65 ਡਾਲਰ ਹਰ ਮਹੀਨੇ।

........*ਜਾਰੀ*

## ਘੱਟੋ ਘੱਟ ਪੀਸ ਰੇਟ – ਹੱਥ ਨਾਲ ਤੋੜੀਆਂ ਜਾਣ ਵਾਲੀਆਂ ਫਸਲਾਂ

ਅੱਗੇ ਲਿਖੇ ਪੀਸ ਰੇਟਾਂ ਵਿਚ ਛੁੱਟੀਆਂ ਦੀ ਤਨਖਾਹ (4 ਫੀ ਸਦੀ) ਸ਼ਾਮਲ ਹੈ।

| ਫਸਲ | 15 ਸਤੰਬਰ, 2016 | 15 ਸਤੰਬਰ, 2017 |
|---|---|---|
| ਸੇਬ | 18.06 ਡਾਲਰ / ਢੋਲ (27.1 ਘਣ ਫੁੱਟ) | 18.89 ਡਾਲਰ ਢੋਲ (27.1 ਘਣ ਫੁੱਟ$^3$ / 0.767 ਮੀਟਰ$^3$) |
| ਖੁਰਮਾਨੀਆਂ | 20.77 ਡਾਲਰ / 1/2 ਢੋਲ (13.7 ਘਣ ਫੁੱਟ) | 21.73 ਡਾਲਰ 1/2 ਢੋਲ (13.7 ਘਣ ਫੁੱਟ$^3$ / 0.388 ਮੀਟਰ$^3$) |
| ਬੀਨਜ਼ | 0.248 ਡਾਲਰ / ਪੌਂਡ | 0.259 ਡਾਲਰ ਪੌਂਡ / 0.571 ਕਿੱਲੋ |
| ਬਲੂਬੇਰੀ | 0.419 / ਡਾਲਰ ਪੌਂਡ | 0.438 ਡਾਲਰ ਪੌਂਡ / 0.966 ਕਿੱਲੋ |
| ਬਰਸਲਜ਼ ਸਪਰਾਊਟਸ | 0.172 ਡਾਲਰ / ਪੌਂਡ | 0.180 ਡਾਲਰ ਪੌਂਡ / 0.397 ਕਿੱਲੋ |
| ਚੈਰੀ | 0.237 ਡਾਲਰ / ਪੌਂਡ | 0.248 ਡਾਲਰ ਪੌਂਡ / 0.547 ਕਿੱਲੋ |
| ਅੰਗੂਰ | 19.19 ਡਾਲਰ / 1/2 ਢੋਲ (13.7 ਘਣ ਫੁੱਟ) | $20.07 ਡਾਲਰ 1/2 ਢੋਲ (13.7 ਘਣ ਫੁੱਟ$^3$ / 0.388 ਮੀਟਰ$^3$) |
| ਖੁੰਬਾਂ | 0.249 ਡਾਲਰ / ਪੌਂਡ | 0.260 ਡਾਲਰ ਪੌਂਡ / 0.573 ਕਿੱਲੋ |
| ਆੜੂ | 19.19 ਡਾਲਰ / 1/2 ਢੋਲ (12.6 ਘਣ ਫੁੱਟ) | 20.07 ਡਾਲਰ 1/2 ਢੋਲ (12.6 ਘਣ ਫੁੱਟ$^3$ / 0.357 ਮੀਟਰ$^3$) |
| ਨਾਸ਼ਪਾਤੀਆਂ | 20.33 ਡਾਲਰ / ਢੋਲ (27.1 ਘਣ ਫੁੱਟ) | 21.27 ਡਾਲਰ ਢੋਲ (27.1 ਘਣ ਫੁੱਟ$^3$ / 0.767 ਮੀਟਰ$^3$) |
| ਮਟਰ | 0.309 ਡਾਲਰ / ਪੌਂਡ | 0.323 ਡਾਲਰ ਪੌਂਡ / 0.712 ਕਿੱਲੋ |
| ਅਲੂਚੇ (ਪਰੂਨ ਪਲੱਮਜ਼) | 20.33 ਡਾਲਰ / 1/2 ਢੋਲ (13.7 ਘਣ ਫੁੱਟ) | 21.27 ਡਾਲਰ 1/2 ਢੋਲ (13.7 ਘਣ ਫੁੱਟ$^3$ / 0.388 ਮੀਟਰ $^3$) |
| ਰਸਬੇਰੀ | 0.378 ਡਾਲਰ / ਪੌਂਡ | 0.395 ਡਾਲਰ ਪੌਂਡ / 0.871 ਕਿੱਲੋ |
| ਸਟਰਾਅਬੇਰੀ | 0.363 ਡਾਲਰ / ਪੌਂਡ | 0.380 ਡਾਲਰ ਪੌਂਡ / 0.838 ਕਿੱਲੋ |
| ਡੈਫੋਡਿਲਜ਼** | 0.145 ਡਾਲਰ / ਗੁੱਛੀ (10 ਡੰਡੀਆਂ) | 0.152 ਡਾਲਰ / ਗੁੱਛੀ (10 ਡੰਡੀਆਂ) |

**ਡੈਫੋਡਿਲਜ਼ ਦੇ ਰੇਟ ਵਿਚ ਛੁੱਟੀਆਂ ਦੀ ਤਨਖਾਹ ਸ਼ਾਮਲ ਨਹੀਂ ਹੈ।